# ਤਬਾਹੀ ਸਹਾਇਤਾ
## ਐਮਰਜੈਂਸੀ ਸੰਭਾਲ ਪ੍ਰੋਗਰਾਮ (ECP)

### ਸੰਖੇਪ

U.S. ਖੇਤੀਬਾੜੀ ਵਿਭਾਗ (USDA) ਫਾਰਮ ਸਰਵਿਸ ਏਜੰਸੀ (FSA) ਦੁਆਰਾ ਸੰਚਾਲਿਤ ਐਮਰਜੈਂਸੀ ਸੰਭਾਲ ਪ੍ਰੋਗਰਾਮ (ECP), ਕਿਸਾਨਾਂ ਅਤੇ ਪਸ਼ੂ ਪਾਲਕਾਂ ਨੂੰ ਕੁਦਰਤੀ ਤਬਾਹੀਆਂ ਦੁਆਰਾ ਖਰਾਬ ਹੋਈ ਖੇਤੀਬਾੜੀ ਦੀ ਜ਼ਮੀਨ ਨੂੰ ਬਹਾਲ ਕਰਨ ਅਤੇ ਸੰਭਾਲ ਢਾਂਚਿਆਂ ਲਈ ਅਤੇ ਗੰਭੀਰ ਸੋਕੇ ਦੇ ਸਮੇਂ ਐਮਰਜੈਂਸੀ ਜਲ ਸੰਭਾਲ ਉਪਾਵਾਂ ਨੂੰ ਲਾਗੂ ਕਰਨ ਲਈ ਐਮਰਜੈਂਸੀ ਫੰਡਿੰਗ ਅਤੇ ਤਕਨੀਕੀ ਮਦਦ ਪ੍ਰਦਾਨ ਕਰਦਾ ਹੈ।

### ਪ੍ਰੋਗਰਾਮ ਦਾ ਸੰਚਾਲਨ

ECP ਦਾ ਸੰਚਾਲਨ FSA ਰਾਜ ਅਤੇ ਕਾਉਂਟੀ ਕਮੇਟੀਆਂ ਅਤੇ ਕਾਉਂਟੀ ਦਫਤਰਾਂ ਦੁਆਰਾ ਕੀਤਾ ਜਾਂਦਾ ਹੈ। ਉਤਪਾਦਕਾਂ ਨੂੰ ECP ਨਾਮਾਂਕਣ ਦੀਆਂ ਮਿਆਦਾਂ ਅਤੇ ਯੋਗਤਾ ਦੇ ਸਬੰਧ ਵਿੱਚ ਆਪਣੇ ਸਥਾਨਕ FSA ਕਾਉਂਟੀ ਦਫਤਰ ਨਾਲ ਸੰਪਰਕ ਕਰਨਾ ਚਾਹੀਦਾ ਹੈ।

### ਜਮੀਨ ਯੋਗਤਾ

FSA ਕਾਉਂਟੀ ਕਮੇਟੀਆਂ ਜ਼ਮੀਨ ਦੀ ਯੋਗਤਾ ਦਾ ਨਿਰਧਾਰਣ ਖਰਾਬ ਹੋਈ ਜ਼ਮੀਨ ਅਤੇ ਨੁਕਸਾਨ ਦੀ ਕਿਸਮ ਅਤੇ ਹੱਦ ਦਾ ਉਸ ਸਥਾਨ ਤੇ ਜਾ ਕੇ ਮੁਆਇਨੇ ਕਰਨ ਦੇ ਆਧਾਰ ਤੇ ਕਰਦੀ ਹੈ। ਯੋਗ ਜ਼ਮੀਨ ਵਿੱਚ ਹੇਠਾਂ ਦਿੱਤੀਆਂ ਲਈ ਵਰਤੋਂ ਕੀਤੀ ਜ਼ਮੀਨ ਸ਼ਾਮਲ ਹੈ:

- ਵਪਾਰਕ ਖੇਤੀਬਾੜੀ, ਪਸ਼ੂ ਪਾਲਣ ਅਤੇ ਬਗੀਚੇ ਦੇ ਕੰਮ ਲਈ;
- ਨਰਸਰੀ ਦੀ ਪੌਦ ਉਗਾਉਣ ਅਤੇ ਕ੍ਰਿਸਮਸ ਦੇ ਰੁੱਖ ਲਗਾਉਣ ਲਈ;
- ਪਸ਼ੂਧਨ ਦਾ ਵਪਾਰਕ ਉਤਪਾਦਨ ਕਰਨ ਲਈ ਚਰਾਉਣਾ; ਅਤੇ
- ਸੰਭਾਲ ਢਾਂਚੇ, ਜਿਵੇਂ ਕਿ, ਜਲਮਾਰਗ, ਟੇਰਸ, ਰਾਹ ਬਦਲਣਾ ਅਤੇ ਹਵਾ ਤੋੜ (ਵਿੰਡਬ੍ਰੇਕਸ)।
- ਲਾਗੂ ਤਬਾਹੀ ਘਟਨਾ ਤੋਂ ਪਹਿਲਾਂ ਮੌਜੂਦ ਸੰਭਾਲ ਦੀਆਂ ਸਮੱਸਿਆਵਾਂ ECP ਮਦਦ ਲਈ ਅਯੋਗ ਹਨ।

### ਲਾਗਤ-ਹਿੱਸਾ ਭੁਗਤਾਨ

ਲਾਗਤ-ਹਿੱਸਾ ਭੁਗਤਾਨ ਹਨ:

- ਮਨਜ਼ੂਰਸ਼ੁਦਾ ਬਹਾਲੀ ਅਭਿਆਸਾਂ ਨੂੰ ਲਾਗੂ ਕਰਨ ਲਈ ਖਰਚੇ ਦੇ 75% ਤੱਕ ਹੁੰਦੇ ਹਨ;
- ਉਨ੍ਹਾਂ ਉਤਪਾਦਕਾਂ ਲਈ ਮਨਜ਼ੂਰਸ਼ੁਦਾ ਬਹਾਲੀ ਅਭਿਆਸਾਂ ਨੂੰ ਲਾਗੂ ਕਰਨ ਲਈ ਲਾਗਤ ਦਾ 90 ਪ੍ਰਤੀਸ਼ਤ ਤੱਕ ਹੁੰਦੇ ਹਨ, ਜੋ ਸੀਮਿਤ ਸਰੋਤ, ਸਮਾਜਿਕ ਤੌਰ ਤੇ ਪਛੜੇ ਜਾਂ ਸ਼ੁਰੂਆਤ ਕਰਨ ਵਾਲੇ ਕਿਸਾਨਾਂ/ਪਸ਼ੂ ਪਾਲਕਾਂ ਵਜੋਂ ਪ੍ਰਮਾਣਿਤ ਹੁੰਦੇ ਹਨ;
- ਪ੍ਰਤੀ ਵਿਅਕਤੀ ਜਾਂ ਕਾਨੂੰਨੀ ਸੰਸਥਾ ਪ੍ਰਤੀ ਤਬਾਹੀ $500,000 ਤੱਕ ਸੀਮਿਤ ਹੁੰਦੇ ਹਨ; ਅਤੇ
- ਸਿਰਫ ਕੰਡਿਆਲੀ ਤਾਰ ਦੀ ਤਬਦੀਲੀ ਜਾਂ ਬਹਾਲੀ ਲਈ, ਉਮੀਦ ਕੀਤੀ ਗਈ ਲਾਗਤ-ਹਿੱਸਾ ਦੇ 25 ਪ੍ਰਤੀਸ਼ਤ ਤੱਕ ਦੇ ਪੇਸ਼ਗੀ ਭੁਗਤਾਨ ਦੇ ਤੌਰ ਤੇ ਉਪਲੱਬਧ ਹੁੰਦੇ ਹਨ।

### ਯੋਗ ਖੇਤੀਬਾੜੀ ਜ਼ਮੀਨ ਬਹਾਲੀ ਅਭਿਆਸ

ਖੇਤੀਬਾੜੀ ਦੀ ਜਮੀਨ ਨੂੰ ਬਹਾਲ ਕਰਨ ਲਈ, ECP ਭਾਗੀਦਾਰ ਐਮਰਜੈਂਸੀ ਸੰਭਾਲ ਅਭਿਆਸਾਂ ਨੂੰ ਲਾਗੂ ਕਰ ਸਕਦੇ ਹਨ, ਜਿਵੇਂ ਕਿ:

- ਖੇਤੀਬਾੜੀ ਦੀ ਜ਼ਮੀਨ ਤੋਂ ਮਲਬੇ ਨੂੰ (ਹਵਾ ਜਾਂ ਪਾਣੀ ਨਾਲ ਜਮ੍ਹਾਂ ਹੋਏ ਮਲਬੇ ਦੀ ਸਫ਼ਾਈ, ਜਿਵੇਂ ਕਿ ਖੇਤਾਂ ਜਾਂ ਚਾਰਾਗਾਹਾਂ ਤੇ ਲਕੜੀ ਦੀ ਸਮੱਗਰੀ, ਰੇਤ, ਚੱਟਾਨਾਂ ਅਤੇ ਕਚਰਾ) ਹਟਾਉਣਾ;



- ਜ਼ਮੀਨ ਦੀ ਵਾਹੀ ਕਰਨਾ, ਉਸ ਨੂੰ ਆਕਾਰ ਦੇਣਾ ਜਾਂ ਪੱਧਰਾ ਕਰਨਾ (ਨਾਲੀਆਂ ਨੂੰ ਭਰਨਾ, ਸਿੰਚਾਈ ਕੀਤੀ ਖੇਤੀਬਾੜੀ ਦੀ ਜ਼ਮੀਨ ਨੂੰ ਸਾਫ਼ ਕਰਨਾ ਅਤੇ ਰੇਤ ਅਤੇ ਮਿੱਟੀ ਨੂੰ ਉਸ ਵਿੱਚ ਮਿਲਾਉਣਾ);
- ਬਾੜਾਂ (ਖੇਤੀਬਾੜੀ ਜ਼ਮੀਨ ਤੇ ਪਸ਼ੂਧਨ ਕਰਾਸ ਬਾੜ, ਬਾਉਂਡਰੀ ਬਾੜ, ਪਸ਼ੂਆਂ ਲਈ ਗੇਟ ਜਾਂ ਜੰਗਲੀ ਜੀਵਨ ਨੂੰ ਬਾਹਰ ਰੱਖਣ ਲਈ ਬਾੜ) ਨੂੰ ਮੁੜ ਬਹਾਲ ਕਰਨਾ;
- ਸੰਭਾਲ ਢਾਂਚਿਆਂ (ਜਲਮਾਰਗ, ਟੈਰੇਸ, ਮੋੜ ਦੇਣ ਵਾਲੀਆਂ ਖਾਈਆਂ ਅਤੇ ਸਥਾਈ ਤੌਰ 'ਤੇ ਲਗਾਈ ਡੀਚਿੰਗ ਪ੍ਰਣਾਲੀ) ਨੂੰ ਮੁੜ ਬਹਾਲ ਕਰਨਾ; ਅਤੇ
- ਗੰਭੀਰ ਸੋਕੇ ਦੇ ਸਮੇਂ ਦੌਰਾਨ ਐਮਰਜੈਂਸੀ ਪਾਣੀ ਮੁਹੱਈਆ ਕਰਵਾਉਣਾ (ਚਰਾਉਣ ਵਾਲੇ ਅਤੇ ਬਾੜਿਆਂ ਵਿੱਚ ਰੱਖੇ ਪਸ਼ੂਧਨ ਲਈ ਅਤੇ ਬਗੀਚਿਆਂ ਅਤੇ ਅੰਗੂਰਾਂ ਦੇ ਬਾਗਾਂ ਹੇਤ ਮੌਜੂਦਾ ਸਿੰਚਾਈ ਪ੍ਰਣਾਲੀ ਲਈ)

### ਜੇ ਕੋਈ ਤਬਾਹੀ ਵਾਪਰ ਜਾਵੇ ਤਾਂ ਕੀ ਕਰਨਾ ਚਾਹੀਦਾ ਹੈ

- ਉਤਪਾਦਕ ਜਾਂ USDA ਤਾਰੀਖ ਪਾਈਆਂ ਫੋਟੋਆਂ, ਵੀਡੀਓਜ਼ ਅਤੇ ਤੀਜੀ ਧਿਰ ਦੀ ਤਸਦੀਕ ਨਾਲ ਨੁਕਸਾਨ ਦੇ ਦਸਤਾਵੇਜ਼ ਤਿਆਰ ਕਰਦਾ ਹੈ।
- ਉਤਪਾਦਕ ਮਦਦ ਦੀ ਬੇਨਤੀ ਕਰਨ ਲਈ ਜਿੰਨੀ ਜਲਦੀ ਸੰਭਵ ਹੋ ਸਕੇ ਸਥਾਨਕ ਸੇਵਾ ਕੇਂਦਰ ਨੂੰ ਰਿਪੋਰਟ ਕਰਦਾ ਹੈ (ਤੁਰੰਤ ਬਹਾਲੀ ਸਿਰਫ ਐਮਰਜੈਂਸੀ ਸਥਿਤੀਆਂ ਵਿੱਚ ਲਾਗੂ ਹੁੰਦੀ ਹੈ, ਜਿਵੇਂ ਕਿ ਪਸ਼ੂਧਨ ਨੂੰ ਬੰਦ ਰੱਖਣ ਲਈ ਕੰਡਿਆਲੀ ਤਾਰ ਲਗਾਉਣਾ)।
- ਕਾਉਂਟੀ FSA ਦਫਤਰ ਮਨਜ਼ੂਰੀ ਪ੍ਰਕਿਰਿਆ ਅਤੇ ਅਗਲੇ ਕਦਮਾਂ ਬਾਰੇ ਮਾਰਗ ਦਰਸ਼ਨ ਪ੍ਰਦਾਨ ਕਰੇਗਾ।

### ਹੋਰ ਜਾਣਕਾਰੀ ਲਈ

ਇਹ ਤੱਥ ਪੱਤਰ ਸਿਰਫ ਜਾਣਕਾਰੀ ਦੇ ਉਦੇਸ਼ਾਂ ਲਈ ਹੈ; ਹੋਰ ਪਾਬੰਦੀਆਂ ਲਾਗੂ ਹੋ ਸਕਦੀਆਂ ਹਨ। FSA ਤਬਾਹੀ ਪ੍ਰੋਗਰਾਮਾਂ ਬਾਰੇ ਵਧੇਰੇ ਜਾਣਕਾਰੀ ਲਈ http://disaster.fsa.usda.gov ਤੇ ਜਾਓ ਜਾਂ ਆਪਣੇ ਸਥਾਨਕ FSA ਦਫਤਰ ਨਾਲ ਸੰਪਰਕ ਕਰੋ। ਆਪਣੇ ਸਥਾਨਕ FSA ਦਫਤਰ ਦਾ ਪਤਾ ਲਗਾਉਣ ਲਈ, http://offices.usda.gov ਤੇ ਜਾਓ।

USDA ਇੱਕ ਬਰਾਬਰ ਅਵਸਰ ਪ੍ਰਦਾਨ ਕਰਨ ਵਾਲਾ, ਰੁਜ਼ਗਾਰਦਾਤਾ ਅਤੇ ਕਰਜ਼ਾ ਪ੍ਰਦਾਤਾ ਹੈ।